arrear letter of Dr. Saurabh sharma case.( Open with Google Docs

ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ।
(ਕੈਂਪ: ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ-8, ਐਸ.ਏ.ਐਸ ਨਗਰ)
(adsadpi@punjabeducation.gov.in)
ਅਮਲਾ-2 ਸ਼ਾਖਾ

**ਕੇਵਲ ਈ.ਮੇਲ ਰਾਹੀਂ**

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰਜ਼ (ਸੈ.ਸਿ),
ਪੰਜਾਬ ਰਾਜ।

ਮੀਮੋ ਨੰ: 648967 ਅਮਲਾ-2 (2)/ 2026130281
ਮਿਤੀ: ਐਸ.ਏ.ਐਸ ਨਗਰ: 11-05-2026

ਵਿਸ਼ਾ: **ਵੱਖ-ਵੱਖ ਕੋਰਟ ਕੇਸਾਂ ਵਿੱਚ ਸੋਰਭ ਸ਼ਰਮਾ ਕੇਸ ਦੇ ਆਧਾਰ ਤੇ ਤਨਖਾਹ ਫਿਕਸ਼ੇਸ਼ਨ ਉਪਰੰਤ ਬਣਦੇ ਏਰੀਅਰ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਹਦਾਇਤ ਕੀਤੀ ਜਾਂਦੀ ਹੈ ਕਿ ਸਿ.ਰਿ.ਪ. ਨੰ. 15896 ਆਫ 2023 ਡਾ. ਸੋਰਵ ਸ਼ਰਮਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਵਿੱਚ ਕਲੱਬ ਕੇਸਾਂ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਕੀਤੇ ਗਏ ਫੈਸਲੇ ਸਨਮੁੱਖ ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਦੀਆਂ ਹਦਾਇਤਾਂ ਮਿਤੀ 05.01.2026 ਅਨੁਸਾਰ ਪਟੀਸ਼ਨਰਾਂ ਦੀ ਤਨਖਾਹ ਫਿਕਸ ਕਰਨ ਉਪਰੰਤ ਬਣਦੇ ਬਕਾਏ ਦੀ ਤੁਰੰਤ ਅਦਾਇਗੀ ਕਰਨ ਉਪਰੰਤ ਕੰਪਲਾਇੰਸ ਰਿਪੋਰਟ 03 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

ਇਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। ਅਣਗਹਿਲੀ ਦੀ ਸੂਰਤ ਵਿੱਚ ਜੇਕਰ ਕੋਈ ਕਾਨੂੰਨੀ ਔਕੜ ਪੇਸ਼ ਆਉਂਦੀ ਹੈ ਤਾਂ ਇਸ ਸਬੰਧੀ ਜਿੰਮੇਵਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ/ਡੀ.ਡੀ.ਓ. ਦੀ ਹੋਵੇਗੀ।

11-05-26
**ਸੁਪਰਡੰਟ ਅਮਲਾ-2 ਸ਼ਾਖਾ**

**ਪਿੱਠ ਅੰਕਣ ਨੰ. ਉਕਤ:** **ਮਿਤੀ, ਐਸ.ਏ.ਐਸ.ਨਗਰ:**

ਉਤਾਰਾ ਸਮੂਹ ਸਰਕਾਰੀ ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ, ਪੰਜਾਬ ਰਾਜ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸੋਰਭ ਸ਼ਰਮਾ ਦੇ ਮੈਟਰ ਵਿੱਚ ਜਿੰਨੇ ਵੀ ਕੇਸਾਂ ਵਿੱਚ ਵਿਭਾਗ ਵੱਲੋਂ ਮੂੰਹ ਬੋਲਦੇ ਹੁਕਮ ਜਾਰੀ ਕੀਤੇ ਗਏ ਹਨ ਉਨ੍ਹਾਂ ਵਿੱਚ ਪਟੀਸ਼ਨਰਾਂ ਦੀ ਤਨਖਾਹ ਬਿਨਾਂ ਦੇਰੀ ਤੋਂ ਫਿਕਸ ਕਰਦੇ ਹੋਏ ਬਣਦੇ ਬਕਾਏ ਮਿਤੀ ਬੱਧ ਤਰੀਕੇ ਨਾਲ ਅਦਾ ਕਰਦੇ ਹੋਏ ਸਬੰਧਤ ਜਿਲ੍ਹਾ ਸਿੱਖਿਆ ਅਫਸਰਜ਼ ਨੂੰ ਰਿਪੋਰਟ ਭੇਜੀ ਜਾਵੇ ਤਾਂ ਜੋ ਲਿਟੀਗੇਸ਼ਨ ਤੋਂ ਬਚਿਆ ਜਾ ਸਕੇ।

**ਸੁਪਰਡੰਟ ਅਮਲਾ-2 ਸ਼ਾਖਾ**

## ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਬਠਿੰਡਾ

ਪਿਠਅੰਕਣ ਨੰ: ਅ-1/1( )2026/ 1094 ਮਿਤੀ 13.5.2026

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।ਜੇਕਰ ਪੱਤਰ ਅਨੁਸਾਰ ਕਿਸੇ ਪਟੀਸ਼ਨਰ ਦਾ ਤਨਖਾਹ/ਬਕਾਏ ਅਦਾ ਹੋਣ ਤੋਂਰਹਿ ਜਾਂਦੇ ਹਨ ਤਾਂ ਇਸ ਦੀ ਜਿੰਮੇਵਾਰੀ ਸੰਬਧਤ ਡੀਡੀਓ ਦੀ ਹੋਵੇਗੀ।

ਨੋਟ: ਇਸ ਤੋਂ ਇਲਾਵਾ ਜੇਕਰ ਉਕਤ ਪੱਤਰ ਵਿਚ ਦਰਜ ਵਿਸ਼ੇ ਅਧੀਨ ਕੋਈ ਵੀ ਸਪੀਕਿੰਗ ਆਰਡਰ ਪਿਠਅੰਕਤ ਹੋਣ ਤੋਂ ਰਹਿੰਦੇ ਹਨ ਤਾਂ ਇਸ ਦਫਤਰ ਨਾਲ ਰਾਬਤਾ ਕਾਇਮ ਕੀਤਾ ਜਾਵੇ।

13/5/26
ਜਿਲਾ ਸਿਖਿਆ ਅਫਸਰ (ਸੈ ਸਿ)
ਬਠਿੰਡਾ